ਨੰਬਰ/ਐਫ.ਸੀ.ਏ 7861
ਮਿਤੀ: 31-12-2020

ਵੱਲੋ: ਵਣ ਮੰਡਲ ਅਫਸਰ,
ਪਟਿਆਲਾ।

ਸੇਵਾਵਿਖੇ:ਵਣ ਪਾਲ ਸਾਊਥ ਸਰਕਲ,
ਪਟਿਆਲਾ।

**ਵਿਸਾ: Diversion of 0.0060 ha of forest land for permission for passage to M/S Canadian Villa on Rajindergarh-Brass road KM 5-6 L/s Vill: Dhollan Distt: Fatehgarh Sahib under Forest Division:Patiala, Punjab.**
**Proposal No:- FP/PB/Approach/71917/2020**

ਹਵਾਲਾ: ਆਪ ਜੀ ਦਾ ਫਾਇਲ ਨੰਬਰ:FOREST-FCA0FC2P/76/2020-FCA-SOUTH CRL DATED 09-11-2020

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਯੂਜਰ ਏਜੰਸੀ ਵੱਲੋਂ ਪ੍ਰਪੋਜਲ ਅਪਰੋਚ ਕੈਟਾਗਿਰੀ ਵਿੱਚ ਅਪਲੋਡ ਕਰ ਦਿੱਤੀ ਗਈ ਹੈ।ਜਿਸਦੀ ਸੂਚਨਾ ਪਾਰਟ-2 ਵਿੱਚ ਅਪਲੋਡ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਐਫ.ਸੀ.ਏ. ਦੇ ਕੇਸਾਂ ਵਿੱਚ ਯੂਜਰ ਏਜੰਸੀਆਂ ਵੱਲੋਂ ਕੀਤੀ ਜਾ ਰਹੀ ਉਲੰਘਣਾ ਸਬੰਧੀ ਮਾਨਯੋਗ ਸਕੱਤਰ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ: 15-06-2009 ਨੂੰ ਹੋਈ ਮੀਟਿੰਗ ਦੀ ਕਾਰਵਾਈ ਲੜੀ ਨੰ: 4 ਅਨੁਸਾਰ ਫੈਸਲਾ ਲਿਆ ਗਿਆ ਸੀ ਕਿ:-

Criteria for recommendation of imposition of penal compensatory afforestation in case of regularization of violation under FCA, 1980.

ਵਿੱਤੀ ਕਮਿਸ਼ਨਰ, ਵਣ ਵੱਲੋਂ ਮੁੱਖ ਸਕੱਤਰ ਜੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਇਹ ਮੁੱਦਾ ਵਿਭਾਗ ਦੇ ਆਪਣੇ ਕੰਮ ਕਾਜ ਨਾਲ ਸਬੰਧਿਤ ਹੋਣ ਕਰਕੇ ਏਜੰਡੇ ਵਿੱਚ ਵਿਭਾਗ ਵੱਲੋਂ ਪਹਿਲਾਂ ਹੀ ਏਜੰਡੇ ਵਿੱਚ ਕੀਤੀ ਗਈ ਤਜਵੀਜ ਅਨੁਸਾਰ ਕਾਰਵਾਈ ਕਰਨ ਲਈ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।ਇਨ੍ਹਾਂ ਹਦਾਇਤਾਂ ਅਨੁਸਾਰ ਜਿਨ੍ਹਾਂ ਕੇਸਾਂ ਵਿੱਚ ਯੂਜਰ ਏਜੰਸੀਆਂ ਵੱਲੋਂ ਕਿਸੇ ਹੋਰ ਸਰਕਾਰੀ ਅਦਾਰੇ ਤੋਂ ਪ੍ਰਵਾਨਗੀ/ਇਤਰਾਜਹੀਣਤਾ ਸਰਟੀਫਿਕੇਟ ਪ੍ਰਾਪਤ ਕਰਨ ਉਪਰੰਤ ਵਣ ਰਕਬੇ ਨੂੰ ਗੈਰ ਵਣ ਮੰਤਵ ਲਈ ਵਰਤਿਆ ਹੋਵੇ ਤਾਂ ਉਨ੍ਹਾਂ ਕੇਸਾਂ ਵਿੱਚ 2 ਗੁਣਾ ਪੀਨਲ ਕੰਪਨਸੇਟਰੀ ਅਫਾਰਸਟੇਸ਼ਨ ਕਾਸਟ ਪਾਉਣ ਅਤੇ ਜਿਨ੍ਹਾਂ ਕੇਸਾਂ ਵਿੱਚ ਯੂਜਰ ਏਜੰਸੀ ਵੱਲੋਂ ਕਿਸੇ ਸਰਕਾਰੀ ਅਦਾਰੇ ਦੀ ਪ੍ਰਵਾਨਗੀ/ਇਤਰਾਜਹੀਣਤਾ ਸਰਟੀਫਿਕੇਟ ਪ੍ਰਾਪਤ ਕੀਤੇ ਬਿਨਾਂ ਵਣ ਰਕਬੇ ਨੂੰ ਗੈਰ ਵਣ ਮੰਤਵ ਲਈ ਵਰਤਿਆ ਹੋਵੇ ਉਨ੍ਹਾਂ ਤੋਂ 10 ਗੁਣਾ ਕੰਪਨਸੇਟਰੀ ਅਫਾਰਸਟੇਸ਼ਨ ਪਾਉਣ ਦੀ ਸਿਫਾਰਿਸ ਕੀਤੀ ਜਾਂਦੀ ਹੈ।

ਉਪਰੋਕਤ ਹੋਏ ਫੈਸਲੇ ਨੂੰ ਮੁੱਖ ਰੱਖਦੇ ਹੋਏ ਇਸ ਕੇਸ ਵਿੱਚ ਯੂਜਰ ਏਜੰਸੀ ਵੱਲੋਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਪ੍ਰੋਜੈਕਟ ਸਬੰਧੀ ਐਨ.ਓ.ਸੀ. ਮਿਤੀ 29-01-2018 ਨੂੰ ਪ੍ਰਾਪਤ ਕੀਤੀ ਗਈ ਸੀ ਅਤੇ ਯੂਜਰ ਏਜੰਸੀ ਵੱਲੋਂ ਮਿਤੀ 02-06-2018 ਨੂੰ ਐਫ.ਸੀ.ਏ. 1980 ਦੀ ਉਲੰਘਣਾ ਕੀਤੀ ਗਈ ਹੈ। ਯੂਜਰ ਏਜੰਸੀ ਵੱਲੋਂ ਇਸ ਕੇਸ ਵਿੱਚ ਪੰਜਾਬ ਪ੍ਰਦੂਸਣ ਕੰਟਰੋਲ ਬੋਰਡ ਦਾ ਐਨ.ਓ.ਸੀ. ਉਲੰਘਣਾ ਕਰਨ ਤੋਂ ਪਹਿਲਾਂ ਪ੍ਰਾਪਤ ਕੀਤਾ ਗਿਆ ਹੈ। ਇਸ ਲਈ ਉਕਤ ਫੈਸਲੇ ਅਨੁਸਾਰ ਯੂਜਰ ਏਜੰਸੀ ਨੂੰ 2 ਗੁਣਾ ਪੀਨਲ ਕੰਪਨਸੇਟਰੀ ਅਫਾਰਸਟੇਸ਼ਨ ਪਾਉਣ ਲਈ ਸਿਫਾਰਿਸ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਕੇਸ ਵਿੱਚ ਭਾਰਤ ਸਰਕਾਰ/ਰਾਜ ਸਰਕਾਰ ਵੱਲੋਂ ਜਾਰੀ ਕੀਤੀਆਂ ਗਈਆਂ ਗਾਈਡ ਲਾਈਨਜ਼, ਐਕਟਸ, ਰੂਲਜ਼, ਰੈਗੂਲੇਸ਼ਨ ਅਤੇ ਸਰਕੂਲਰਸ ਆਦਿ ਦੀ ਉਲੰਘਣਾ ਨਹੀਂ ਕੀਤੀ ਗਈ ਹੈ।

ਸਹਿਪੱਤਰ:ਉਪਰੋਕਤ ਵਾਂਗ।

ਵਣ ਮੰਡਲ ਅਫਸਰ
ਪਟਿਆਲਾ।

Scanned with CamScanner